## ਫੌਜ

ਅੱਤਵਾਦ ਤੇ ਕਾਬੂ ਪਾਉਣ ਲਈ ਲਗਾਏ ਗਏ ਫੌਜ ਦੇ ਜਵਾਨਾਂ ਦੀ ਗਿਣਤੀ ਦੋ ਤੋਂ ਤਿੰਨ ਲੱਖ ਦੇ ਦਰਮਿਆਨ ਸੀ। ਇਹ ਜਵਾਨ ਮੁੱਖ ਤੌਰ ਤੇ ਅੰਬਾਲਾ, ਬਠਿੰਡਾ ਅਤੇ ਜਲੰਧਰ ਤੋਂ ਮੰਗਵਾਏ ਗਏ ਸਨ।

ਇਸ ਸਮੇਂ ਦੇ ਦੌਰਾਨ, ਪਾਕਿਸਤਾਨ ਦੇ ਨਾਲ ਲਗਦੀ ਉੱਤਰੀ ਸੀਮਾ ਵਿਚ ਕਾਫੀ ਤਨਾਅ ਸੀ। ਇਸਨੂੰ ਬਹਾਨਾ ਮੰਨ ਕੇ, ਸਰਕਾਰ ਨੇ ਵਾਸਤਵ ਵਿਚ ਜਿੰਨੀ ਫੌਜ ਦੀ ਲੋੜ ਸੀ, ਉਸ ਤੋਂ ਕਿਤੇ ਵੱਧ ਫੌਜ ਪੰਜਾਬ ਦੀ ਸੀਮਾ ਤੇ ਤਾਇਨਾਤ ਕਰ ਦਿੱਤੀ। ਦਰਅਸਲ ਬਹੁਤ ਸਾਰੀਆਂ ਹਥਿਆਰਬੰਦ ਰੈਜਮੈਂਟਾਂ ਹੋਰ ਮੰਗਵਾਈਆਂ ਗਈਆਂ ਸਨ ਅਤੇ ਇਨਫੈਂਟਰੀ ਦੀ ਇਕ ਪੂਰੀ ਡਿਵੀਜ਼ਨ ਪੂਰਬ ਤੋਂ ਸਿਵਿਲ ਏਅਰਕਰਾਫਟ ਰਾਹੀਂ ਮੰਗਵਾਈ ਗਈ ਸੀ।

[ਨੋਟ : 1986 ਵਿਚ, ਨਵੀਂ ਦਿੱਲੀ ਵਿਖੇ ਫੌਜੀ ਸਦਰ ਮੁਕਾਮ ਤੇ ਮੀਟਿੰਗ ਦੇ ਇਕ ਰਿਟਾਇਰਡ ਲੈਫਟੀਨੈਂਟ ਜਨਰਲ ਦੇ ਹਿਸਾਬ ਵਿਚ ਫੌਜ ਦੀ ਫੈਸਲਾ ਲੈਣ ਦੀ ਪ੍ਰਕ੍ਰਿਆ ਅਤੇ ਰੁਝਾਨ ਜੋ ਉਸ ਸਮੇਂ ਦੀ ਪ੍ਰਕ੍ਰਿਆ ਨੂੰ ਸੂਚਿਤ ਕਰਦਾ ਹੈ, ਸਪੱਸ਼ਟ ਝਲਕ ਦਿਸਦੀ ਹੈ। ਪ੍ਰਧਾਨ ਮੰਤਰੀ, ਸ਼੍ਰੀ ਰਾਜੀਵ ਗਾਂਧੀ, ਰੱਖਿਆ ਮੰਤਰੀ, ਵਿਦੇਸ਼ ਸਕੱਤਰ ਅਤੇ ਕੁਝ ਹੋਰ ਜਨਰਲ ਮੀਟਿੰਗ ਵਿਚ ਹਾਜ਼ਰ ਸਨ। ਉਹ ਡੈਲੀਗੇਟਸ ਜਿਨ੍ਹਾਂ ਨੇ ਪਾਕਿਸਤਾਨ ਵਿਚ ਓਪਰੇਸ਼ਨ ਦੇ ਮਸਲੇ ਤੇ ਵਿਚਾਰ ਕਰਨ ਲਈ ਜਾਣਾ ਸੀ, ਇਸ ਮੀਟਿੰਗ ਦਾ ਮੰਤਵ ਉਸ ਡੈਲੀਗੇਟ ਨੂੰ ਉਸ ਬਾਰੇ ਸੂਚਿਤ ਕਰਨਾ ਸੀ। ਮੀਟਿੰਗ ਸੈਨਾ ਦੇ ਮੁੱਖੀ, ਜਨਰਲ ਵੈਦਯਾ ਦੁਆਰਾ ਬੁਲਾਈ ਗਈ ਸੀ। ਲੈਫਟੀਨੈਂਟ ਜਨਰਲ ਲੇਟ ਆਏ ਸਨ ਆਕੇ ਉਹ ਚੁਪ-ਚਾਪ ਅੰਦਰ ਦਾਖਲ ਹੋਏ ਅਤੇ ਰਾਜੀਵ ਗਾਂਧੀ ਦੇ ਬਿਲਕੁਲ ਪਿੱਛੇ ਬੈਠ ਗਏ।

ਕਿਉਂਕਿ ਲੈਫਟੀਨੈਂਟ ਜਨਰਲ ਪਿੱਛੇ ਬੈਠ ਗਏ ਸਨ, ਇਸ ਲਈ ਸ਼੍ਰੀ ਰਾਜੀਵ ਗਾਂਧੀ ਜਨਰਲ ਵੈਦਯਾ ਨੂੰ ਕਹਿ ਰਹੇ ਸਨ ਕਿ ਜੇਕਰ ਉਹ ਉਚਿਤ ਸਮਝਣ ਤਾਂ ਲਖਨਊ ਵਿਖੇ ਜਾਂ ਲਖਨਊ ਦੇ ਇਰਦ-ਗਿਰਦ ਲਗਾਈਆਂ ਗਈਆਂ ਤਿੰਨ ਡਿਵੀਜ਼ਨਾਂ ਵਿਚੋਂ ਇਕ ਨੂੰ ਪੰਜਾਬ ਭੇਜ ਦੇਣ। ਸ਼੍ਰੀ ਰਾਜੀਵ ਗਾਂਧੀ ਨੇ ਐਲਾਨ ਕੀਤਾ ਕਿ ਉਹ ਚਾਹੁੰਦੇ ਹਨ ਕਿ ਜਿੰਨੀਆਂ ਯੂਨੀਟਾਂ ਦੀ ਲੋੜ ਹੈ ਉਸ ਤੋਂ ਵੱਧ ਯੂਨਿਟਾਂ ਪੰਜਾਬ ਨੂੰ ਭੇਜੀਆਂ ਜਾਣ ਤਾਂ ਕਿ ਸਿੱਖਾਂ ਨੂੰ ਸਬਕ ਸਿਖਾਇਆ ਜਾਵੇ। ਕੁਝ ਚਿਰ ਬਾਅਦ ਜਦੋਂ ਰਾਜੀਵ ਗਾਂਧੀ ਨੇ ਇਧਰ-ਉਧਰ ਦੇਖਿਆ ਅਤੇ ਵੇਖਿਆ ਕਿ ਇਕ ਸਿੱਖ ਲੈਫ਼ਟੀਨੈਂਟ ਉਨ੍ਹਾਂ ਦੇ ਪਿੱਛੇ ਬੈਠਾ

ਹੋਇਆ ਹੈ ਤਾਂ ਉਹ ਬੜੇ ਪਰੇਸ਼ਾਨ ਸਨ।

ਇਕ ਰਿਟਾਇਰਡ ਲੈਫਟੀਨੈਂਟ ਜਨਰਲ ਜਿਨ੍ਹਾਂ ਦੀ ਅਖੀਰਲੀ ਤਾਇਨਾਤੀ ਦੇ ਲਹੂ ਦੇ ਛਿੱਟਿਆਂ ਨਾਲ ਭਰਪੂਰ ਕਬੀਲੇ ਵਾਲੇ ਜ਼ਿਲ੍ਹਿਆਂ ਦੇ ਇਨਚਾਰਜ ਵਜੋਂ ਸੀ, ਤੋਂ ਇਸ ਲੇਖਕ ਨੂੰ ਉਹੋ ਜਿਹਾ ਤਜਰਬਾ ਹੋਇਆ। ਕੇਂਦਰੀ ਗ੍ਰਹਿ ਮੰਤਰੀ ਆਸਾਮ ਵਿਚ ਜਿਥੇ ਲੈਫਟੀਨੈਂਟ ਜਨਰਲ ਹਾਜ਼ਰ ਸਨ, ਇਕ ਕਾਨਫਰੰਸ ਵਿਚ ਭਾਗ ਲੈਣ ਲਈ ਆਏ ਹੋਏ ਸਨ। ਜਦੋਂ ਉਨ੍ਹਾਂ ਨੇ ਕਬੀਲੇ ਦੀ ਸਮੱਸਿਆ ਬਾਰੇ ਰਸਮੀ ਤੌਰ ਤੇ ਗੱਲਬਾਤ ਕੀਤੀ ਤਾਂ ਗ੍ਰਿਹ ਸਕੱਤਰ ਨੇ ਸਾਧਾਰਣ ਰੂਪ ਵਿਚ ਹੀ ਕਿਹਾ : ਇਹ ਇਕ ਚੰਗਾ ਖਿਆਲ ਹੋਵੇਗਾ ਜੇਕਰ ਤੁਸੀ ਬਹੁਤ ਸਾਰੇ ਵਿਅਕਤੀਆਂ ਨੂੰ ਕੈਦੀ ਨਹੀਂ ਬਣਾਉਂਦੇ। ਇਥੇ ਵੀ ਅਜਿਹਾ ਹੀ ਕਰੋ ਜੋ ਤੁਸੀਂ ਪੰਜਾਬ ਵਿਚ ਕੀਤਾ ਹੈ। ਲੈਫਟੀਨੈਂਟ ਜਨਰਲ ਜੋ ਖ਼ੁਦ ਹੀ ਇਕ ਸਿੱਖ ਸਨ, ਬਹੁਤ ਹੈਰਾਨ ਹੋਏ ਅਤੇ ਉਨ੍ਹਾਂ ਨੇ ਬੜੀ ਸੂਝ ਨਾਲ ਜਵਾਬ ਦਿੱਤਾ, ਕੈਦੀਆਂ ਨਾਲ ਨਜਿੱਠਣ ਦਾ ਫੌਜ ਦਾ ਆਪਣਾ ਵੱਖਰਾ ਤਰੀਕਾ ਹੈ।" ਲੈਫਟੀਨੈਂਟ ਜਨਰਲ ਜੋ ਓਪਰੇਸ਼ਨ ਰਕਸ਼ਕ ਦੌਰਾਨ ਜਲੰਧਰ ਵਿਖੇ ਕੋਰ ਕਮਾਂਡਰ ਸਨ, ਕੈਦੀਆਂ ਨੂੰ ਨਾ ਲੈਣ ਲਈ ਅਫ਼ਸਰਾਂ ਨੂੰ ਸਲਾਹ ਦੇਣ ਵਿਚ ਬਦਨਾਮ ਗਿਣੇ ਗਏ ਸਨ। ਕਿਸੇ ਵੀ ਕੇਸ ਵਿਚ, ਉਹ ਫੌਜ ਦੁਆਰਾ ਪਕੜੇ ਗਏ ਅਤੇ ਪੁਲਿਸ ਦੇ ਹਵਾਲੇ ਕੀਤੇ ਗਏ ਸ਼ੱਕੀ ਖਾੜਕੂਆਂ ਦੀ ਸੂਚੀ ਤਿਆਰ ਨਾ ਕਰਨ ਲਈ ਦੋਸ਼ੀ ਸਨ। ਬੜੀ ਮਜ਼ੇ ਦੀ ਗੱਲ ਹੈ ਕਿ ਲੈਫ਼ਟੀਨੈਂਟ ਜਨਰਲ ਛਿੱਬੜ ਜੋ ਇਸ ਸਮੇਂ ਪੰਜਾਬ ਦੇ ਰਾਜਪਾਲ ਹਨ, ਨੇ ਪੰਜਾਬ ਦੇ ਸਮੱਸਿਆ ਭਰੇ ਅਧਿਆਇ ਨੂੰ ਬੰਦ ਕਰਨ ਅਤੇ ਪਿੱਛੇ ਜੋ ਕੁਝ ਹੋਇਆ ਹੈ ਉਸਨੂੰ ਭੁੱਲ ਜਾਣ ਦੀ ਪੁਰਜ਼ੋਰ ਵਕਾਲਤ ਕੀਤੀ।

ਇਨ੍ਹਾਂ ਦੋਨੋਂ ਕਹਾਣੀਆਂ ਤੋਂ ਇਹ ਪਤਾ ਲੱਗਦਾ ਹੈ ਕਿ ਖ਼ਤਮ ਕਰਨ ਦੀ ਨੀਤੀ ਨਾ ਕੇਵਲ ਉੱਚ ਪ੍ਰਬੰਧਕੀ ਪੱਧਰ ਤੇ ਸਗੋਂ ਉੱਚ ਰਾਜਨੀਤਕ ਪੱਧਰ ਤੇ, ਬਿਲਕੁਲ ਤਿਆਰ ਸੀ। ਫੌਜ ਅਤੇ ਪੁਲਿਸ ਅਫ਼ਸਰਾਂ ਨੇ ਇਸ ਨੀਤੀ ਤੇ ਅਮਲ ਕੀਤਾ ਅਤੇ ਪੁਲਿਸ ਅਫ਼ਸਰਾਂ ਨੇ ਇਸ ਨੀਤੀ ਤੇ ਅਮਲ ਕੀਤਾ ਅਤੇ ਇਨ੍ਹਾਂ ਗਲਤ ਕਾਰਵਾਈਆਂ ਕਰਕੇ ਉਨ੍ਹਾਂ ਨੂੰ ਮੁਆਫ਼ ਨਹੀਂ ਕੀਤਾ ਜਾ ਸਕਦਾ ਪਰੰਤੂ ਉਨ੍ਹਾਂ ਨੇ ਇਹ ਨੀਤੀ ਤਿਆਰ ਨਹੀਂ ਕੀਤੀ। ਪੰਜਾਬ ਵਿਚ, ਅੱਤਵਾਦ ਦੇ ਕਾਰਣਾਂ ਦੀਆਂ ਸਾਰੀਆਂ ਪੁੱਛ-ਪੜਤਾਲਾਂ ਨਿਸਫ਼ਲ ਕਰ ਦਿੱਤੀਆਂ ਗਈਆਂ ਹਨ ਕਿਉਂਕਿ ਆਖਰਕਾਰ ਉਂਗਲ ਅੰਤ ਵਿਚ ਕੇਵਲ ਉੱਚੀ ਪੱਧਰ ਵਾਲੇ ਵਿਅਕਤੀਆਂ ਵਲ ਹੀ ਸੰਕੇਤ ਕਰੇਗੀ।]

ਇਤਫ਼ਾਕ ਨਾਲ, ਪੰਜਾਬ ਨਾਲ ਦੱਖਣੀ ਕਮਾਂਡ, ਪੱਛਮੀ ਕਮਾਂਡ ਅਤੇ ਉੱਤਰੀ ਕਮਾਂਡ ਨਾਲ ਲਗਦੀਆਂ ਹਨ। ਸਪਲਾਈ ਲਾਈਨਾਂ ਪ੍ਰਾਪਤ ਕਰਨ ਅਤੇ ਫੌਜ, ਪੈਰਾ-ਮਿਲਟਰੀ ਤਾਕਤਾਂ ਅਤੇ ਪੰਜਾਬ ਪੁਲਿਸ ਦੇ ਸਾਂਝੇ ਓਪਰੇਸ਼ਨਾਂ ਤੋਂ ਬਚਣ ਲਈ ਖਾੜਕੂਆਂ ਨੂੰ ਰੋਕਣ ਲਈ ਪੰਜਾਬ ਨੂੰ ਘੇਰਾ ਪਾਉਣ ਲਈ ਹੋਰ ਹਥਿਆਰਬੰਦ ਵਿਅਕਤੀਆਂ ਨੂੰ ਵੀ ਇਨਫ਼ੈਂਟਰੀ ਦੀਆਂ ਡਿਊਟੀਆਂ ਦਿੱਤੀਆਂ ਗਈਆਂ ਸਨ। ਪੰਜਾਬ ਦੇ ਅੰਦਰ-ਅੰਦਰ, ਸੀਮਾਂ ਨੂੰ

ਸੀਲ ਕਰਨ, ਪੈਟ੍ਰੋਲਿੰਗ ਕਰਨ, ਘੇਰਾ ਪਾਉਣ ਅਤੇ ਤਲਾਸ਼ੀ ਦਾ ਕੰਮ ਕਰਨ ਅਤੇ ਜੇ ਕਿਤੇ ਪੁਲਿਸ ਅਤੇ ਪੈਰਾ-ਮਿਲਟਰੀ ਚੌਂਕੀਆਂ ਨੂੰ ਘੇਰਾ ਪੈ ਜਾਵੇ ਤਾਂ ਉਨ੍ਹਾਂ ਦੀ ਮਦਦ ਕਰਨ ਲਈ ਪੰਜਾਬ ਵਿਚ ਫੌਜ ਬੜੀ ਸਰਗਰਮੀ ਨਾਲ ਤਾਇਨਾਤ ਕੀਤੀ ਗਈ ਸੀ। ਘੇਰਾ ਪਾਉਣ ਅਤੇ ਤਲਾਸ਼ੀ ਦੇ ਕੰਮਾਂ ਵਿਚ, ਪੈਰਾ-ਮਿਲਟਰੀ ਫੌਜਾਂ ਅਤੇ ਪੰਜਾਬ ਪੁਲਿਸ ਨੂੰ ਫੌਜ ਦੀ ਕਮਾਂਡ ਹੇਠ ਰੱਖਿਆ ਗਿਆ ਸੀ।

ਪੰਜਾਬ ਵਿਚ ਦੋ ਵਾਰ ਭਾਰੀ ਗਿਣਤੀ ਵਿਚ ਫੌਜ ਸਰਗਰਮ ਭੂਮਿਕਾ ਵਿਚ ਤਾਇਨਾਤ ਕੀਤੀ ਗਈ ਸੀ : ਓਪਰੇਸ਼ਨ ਬਲਿਊਸਟਾਰ - ਵੁੱਡਰੋਜ਼ ਸਮੇਂ ਦੇ ਦੌਰਾਨ (1984) ਅਤੇ ਓਪਰੇਸ਼ਨ ਰਕਸ਼ਕ ਦੇ ਦੌਰਾਨ (1992)।

ਓਪਰੇਸ਼ਨ ਬਲਿਊਸਟਾਰ ਅਤੇ ਓਪਰੇਸ਼ਨ ਵੁੱਡਰੋਜ਼ ਜਿਨ੍ਹਾਂ ਵਿਚ ਫੌਜ ਬਹੁਤ ਬਦਨਾਮ ਹੋ ਗਈ ਸੀ, ਦੇ ਤਜ਼ਰਬੇ ਤੋਂ ਬਾਅਦ ਪਾਕਿਸਤਾਨ ਨਾਲ ਲੜਾਈ ਦੀ ਸੂਰਤ ਵਿਚ ਸਪਲਾਈ ਲਾਈਨ ਨੂੰ ਇਕ ਗੰਭੀਰ ਧਮਕੀ ਸੀ। ਦੋ ਪਹਿਲੇ ਓਪਰੇਸ਼ਨਾਂ ਤੋਂ ਸਬਕ ਸਿਖ ਲਏ ਗਏ ਸਨ ਅਤੇ ਇਸ ਲਈ ਓਪਰੇਸ਼ਨ ਰਕਸ਼ਕ ਦੇ ਦੌਰਾਨ ਫੌਜ ਬਹੁਤ ਨਰਮ ਰਹੀ ਅਤੇ ਉਨ੍ਹਾਂ ਦਾ ਵਿਚਾਰ ਸੀ ਕਿ ਕੇਂਦਰੀ ਸੁਰੱਖਿਆ ਫੌਜਾਂ ਅਤੇ ਪੰਜਾਬ ਪੁਲਿਸ ਹੀ ਇਹ ਮਾੜਾ ਕੰਮ ਕਰੇ। ਜਿਵੇਂ ਕਿ ਵੇਦ ਮਰਵਾਹ ਨੇ ਆਪਣੀ ਕਿਤਾਬ "ਅਨਸਿਵਿਲ ਵਾਰਜ਼" ਵਿਚ ਅਤੇ ਬਹੁਤ ਸਾਰੇ ਨਿਰੀਖਕਾਂ ਨੇ ਨੋਟ ਕੀਤਾ ਹੈ, ਫੌਜ ਦੁਆਰਾ ਕੀਤਾ ਗਿਆ ਕਾਮਯਾਬ ਰਕਸ਼ਕ ਓਪਰੇਸ਼ਨ ਦਾ ਮਾਣ ਪੰਜਾਬ ਪੁਲਿਸ ਨੂੰ ਦੇ ਦਿੱਤਾ ਗਿਆ ਸੀ।

ਨਰਮ ਰਵੱਈਏ ਦੀ ਇਹ ਨੀਤੀ ਤੇ ਵਧਣ ਕਾਰਣ ਅਤੇ ਅਨੁਸ਼ਾਸਕੀ ਕਾਰਵਾਈਆਂ ਦੇ ਕਾਰਣ ਫੌਜ ਨੇ ਹੁਕਮ ਕੀਤਾ ਕਿ ਇਸ ਦੇ ਆਦਮੀ ਮਾਇਕ ਇਨਾਮ ਜੋ ਸੈਂਕੜੇ ਜਾਂ ਹਜ਼ਾਰਾਂ ਦੀ ਗਿਣਤੀ ਵਿਚ ਦਿੱਤੇ ਜਾਂਦੇ ਸਨ, ਪ੍ਰਵਾਨ ਨਹੀਂ ਕਰ ਸਕਦੇ।

ਓਪਰੇਸ਼ਨ ਰਕਸ਼ਕ ਦੇ ਅੰਤ ਤੇ ਪੰਜਾਬ ਪੁਲਿਸ ਨੇ ਖ਼ੁਦ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਜਿਸ ਨਾਲ ਪੁਲਿਸ ਅਤੇ ਫੌਜ ਦੇ ਕੰਮ-ਕਾਰ ਸਬੰਧੀ ਸੰਬੰਧਾਂ ਤੇ ਬੁਰਾ ਅਸਰ ਪਿਆ। ਇਸ ਦਾ ਸਿੱਟਾ ਇਹ ਹੋਇਆ ਕਿ ਫੌਜ ਅਤੇ ਪੁਲਿਸ ਵਿਚ ਆਪਸ ਵਿਚ ਝਗੜੇ ਸ਼ੁਰੂ ਹੋ ਗਏ, ਬ੍ਰਿਗੇਡੀਅਰ ਪੱਧਰ ਤਕ ਫੌਜ ਦੇ ਆਦਮੀਆਂ ਅਤੇ ਅਫ਼ਸਰਾਂ ਨੇ ਅਸੰਤੋਸ਼ ਜ਼ਾਹਰ ਕੀਤਾ ਪਰੰਤੂ ਇਕ ਫੌਜ ਦਾ ਕਮਾਂਡਰ ਜਿਸ ਦੀ ਫੌਜ ਵਿਚ ਉੱਚ ਪਦਵੀ ਤੇ ਉਨਤੀ ਹੋਣ ਵਾਲੀ ਸੀ, ਨੇ ਘੱਟ ਮੁੱਖ ਭੂਮਿਕਾ ਦੀ ਨੀਤੀ ਨੂੰ ਅੱਗੇ ਪਾ ਦਿੱਤਾ।

ਬਹੁਤ ਸਾਰੀਆਂ ਘਟਨਾਵਾਂ ਬਾਰੇ ਕਦੇ ਵੀ ਨਹੀਂ ਸੀ ਦੱਸਿਆ ਜਾਂਦਾ ਪਰੰਤੂ ਇਕ ਘਟਨਾ ਜੋ ਚੰਡੀਗੜ੍ਹ ਵਿਚ ਵਾਪਰੀ ਉਹ ਇਕ ਹਫ਼ਤਾ ਮੁੱਖ ਸੁਰਖੀਆਂ ਵਜੋਂ ਉਭਰਦੀ ਰਹੀ। ਪੁਲਿਸ ਦੇ ਇਕ ਆਦਮੀ (ਐਸ ਐਸ ਪੀ ਸੈਣੀ ਦੇ ਬਾਡੀ ਗਾਰਡਾਂ 'ਚੋਂ ਇਕ ਆਦਮੀ) ਦੀ ਪਤਨੀ ਅਤੇ ਬੱਚੇ ਦਾ ਪੁਲਿਸ ਲਾਈਨਜ਼ ਵਿਚ ਕਤਲ ਕਰ ਦਿੱਤਾ ਗਿਆ ਸੀ। ਐਸ ਐਸ ਪੀ ਸੈਣੀ ਜਦੋਂ

ਉਸ ਜਗ੍ਹਾ ਤੇ ਆਇਆ ਤਾਂ ਉਸ ਸਮੇਂ ਜੋ ਵਿਅਕਤੀ ਉਥੇ ਹਾਜ਼ਰ ਸਨ, ਉਨ੍ਹਾਂ ਵਿਚ ਫੌਜ ਦਾ ਇਕ ਕਰਨਲ ਵੀ ਸੀ। ਸੈਣੀ ਨੇ ਸਾਰੇ ਵਿਅਕਤੀਆਂ ਨੂੰ ਉਥੋਂ ਚਲੇ ਜਾਣ ਲਈ ਕਿਹਾ। ਕਰਨਲ ਨੇ ਆਪਣੀ ਪਹਿਚਾਣ ਦੱਸੀ ਅਤੇ ਉਹ ਉਥੋਂ ਨਾ ਗਿਆ। ਗੁੱਸੇ ਵਿਚ ਆਏ ਸੈਣੀ ਨੇ ਉਸ ਤੇ ਹਮਲਾ ਕਰ ਦਿੱਤਾ ਅਤੇ ਉਸ ਨੂੰ ਧੂਹ ਕੇ ਥਾਣੇ ਲੈ ਗਿਆ।

ਇਸ ਘਟਨਾ ਨੇ ਪੁਲਿਸ ਅਤੇ ਫੌਜ ਦਰਮਿਆਨ ਗੰਭੀਰ ਰੂਪ ਧਾਰਨ ਕਰ ਲਿਆ ਅਤੇ ਆਖਰਕਾਰ ਇਸ ਘਟਨਾ ਦੇ ਕਾਰਣ ਸੈਣੀ ਨੂੰ ਉਥੋਂ ਤਬਦੀਲ ਕਰ ਦਿੱਤਾ ਗਿਆ। ਫੌਜ ਗੁੱਟ ਤੇ ਵੱਜੇ ਮਾਮੂਲੀ ਝਟਕੇ (ਇਸ ਘਟਨਾ) ਤੋਂ ਖ਼ੁਸ਼ ਨਹੀਂ ਸੀ।

ਫੌਜ ਦੇ ਵਿਰੁੱਧ ਦੋਸ਼ ਇਹ ਸੀ ਕਿ ਭਾਵੇਂ ਤਾਲਾਸ਼ੀ ਓਪਰੇਸ਼ਨ ਅਤੇ ਸ਼ੱਕੀ ਵਿਅਕਤੀਆਂ ਦੀ ਫੜੋ-ਫੜੀ ਫੌਜ ਦੁਆਰਾ ਹੀ ਵਾਸਤਵ ਵਿਚ ਕੀਤੀ ਗਈ ਸੀ, ਫਿਰ ਵੀ ਚੁੱਕੇ ਗਏ ਜਾਂ ਮਾਰੇ ਗਏ ਖਾੜਕੂਆਂ ਦੀ ਗਿਣਤੀ ਸਬੰਧੀ ਪ੍ਰਮਾਣਿਕ ਰਿਕਾਰਡ ਫੌਜ ਦੁਆਰਾ ਪ੍ਰਕਾਸ਼ਿਤ ਨਹੀਂ ਸੀ ਕਰਵਾਇਆ ਗਿਆ। ਦਿਹਾਤੀ ਇਲਾਕਿਆਂ ਵਿਚੋਂ ਚੁੱਕੇ ਗਏ ਵਿਅਕਤੀਆਂ ਵਿਚੋਂ ਜ਼ਿਆਦਾਤਰ ਲੋਕ ਆਪਣੇ ਘਰੀਂ ਵਾਪਸ ਨਹੀਂ ਪਰਤੇ। ਜਿਹੜੇ ਵਿਅਕਤੀ ਗਿਰਫਤਾਰ ਕੀਤੇ ਗਏ ਸਨ ਉਹ ਪੰਜਾਬ ਪੁਲਿਸ ਦੇ ਹਵਾਲੇ ਕਰ ਦਿੱਤੇ ਗਏ ਸਨ, ਜੋ ਕਿ ਹਿਰਾਸਤ ਵਿਚ ਰੱਖ ਕੇ ਬੰਦਿਆਂ ਨੂੰ ਮਾਰਨ ਵਿਚ ਬਹੁਤ ਬਦਨਾਮ ਹੈ।

ਕਸ਼ਮੀਰ ਵਿਚ ਵੀ, ਅੱਤਵਾਦ ਦਾ ਮੁਕਾਬਲਾ ਕਰਨ ਲਈ ਫੌਜ ਇਕ ਮੁੱਖ ਏਜੰਸੀ ਰਹੀ ਹੈ, ਅਤੇ ਕਸ਼ਮੀਰੀਆਂ ਵਿਰੁੱਧ ਜ਼ਿਆਦਤੀਆਂ ਸਬੰਧੀ ਭਾਰਤੀ ਅਤੇ ਅੰਤਰ-ਰਾਸ਼ਟਰੀ ਅਖ਼ਬਾਰਾਂ ਵਿਚ ਬਹੁਤ ਕੁਝ ਛੱਪਿਆ ਹੈ। ਫੌਜ ਨੇ ਪੰਜਾਬ ਵਿਚ ਵੀ ਉਹੋ ਜਿਹੀਆਂ ਜ਼ਿਆਦਤੀਆਂ ਕੀਤੀਆਂ ਪਰੰਤੂ ਇਹ ਪ੍ਰੈਸ ਵਿਚ ਇਨ੍ਹਾਂ ਘਟਨਾਵਾਂ ਨੂੰ ਘੱਟ ਦਰਸਾਉਣ ਵਿਚ ਕਾਮਯਾਬ ਰਹੀ ਹੈ।